# ਸਿੱਖ ਧਰਮ ਵਿਚ ਕੇਸਾਂ ਦੀ ਮਹੱਤਤਾ

## Importance of hair in Sikhism

ਅਕਾਲ ਪੁਰਖੁ ਦੀ ਬਣਾਈ ਹੋਈ ਕੁਦਰਤ ਤੇ ਇਹ ਸਾਰੀ ਰਚਨਾ ਬਹੁਤ ਸੁੰਦਰ ਹੈ, ਜਿਸ ਦਾ ਕੋਈ ਵੀ ਜੀਵ ਮੁਕਾਬਲਾ ਨਹੀਂ ਕਰ ਸਕਦਾ। ਜਿਹੜੀ ਚੀਜ ਅਕਾਲ ਪੁਰਖੁ ਦੀ ਬਣਾਈ ਹੋਈ ਬਣਤਰ ਅਨੁਸਾਰ ਨਹੀਂ ਹੈ, ਉਸ ਵਿਚ ਕੋਈ ਨਾ ਕੋਈ ਖਾਮੀ ਜਰੂਰ ਰਹਿ ਜਾਂਦੀ ਹੈ। ਦੰਦ ਮਨੁੱਖ ਦੇ ਚੇਹਰੇ ਦਾ ਸ਼ਿੰਗਾਰ ਹਨ, ਜੇ ਕਰ ਦੰਦ ਨਿਕਲ ਜਾਣ ਤਾਂ ਚਿਹਰਾ ਹੋਰ ਤਰ੍ਹਾਂ ਦਾ ਲਗਦਾ ਹੈ? ਦੰਦ ਆਪਣੀ ਜਗਾਹ ਤੇ ਹੀ ਸ਼ੋਭਾ ਦੇ ਯੋਗ ਹੁੰਦੇ ਹਨ।

ਇਸੇ ਤਰ੍ਹਾਂ ਕੇਸਾਂ ਦੀ ਸ਼ੋਭਾ ਵੀ ਉਤਨੀ ਦੇਰ ਤਕ ਹੈ, ਜਿਤਨੀ ਦੇਰ ਤਕ ਆਪਣੀ ਜਗਾਹ ਤੇ ਹਨ। ਜਿਸ ਤਰ੍ਹਾਂ ਇਕ ਕੱਟੇ ਵਾਲਾਂ ਵਾਲੇ ਸ਼ੇਰ, ਕੁੱਤਾ, ਭੇਡ, ਆਦਿ ਭੱਦੇ ਲਗਦੇ ਹਨ, ਠੀਕ ਉਸੇ ਤਰ੍ਹਾਂ ਇਕ ਕੱਟੇ ਵਾਲਾਂ ਵਾਲੇ ਮਨੁੱਖ ਵੀ ਅਕਾਲ ਪੁਰਖੁ ਦੇ ਬਣਾਏ ਗਏ ਅਸੂਲ ਅਨੁਸਾਰ ਅਜੀਬ ਲਗਦੇ ਹਨ।

ਸਿੱਖ ਧਰਮ ਦਾ ਮੁਢਲਾ ਸਿਧਾਤ ⇒ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਚਲਣਾ

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (੧)*

ਜੇਕਰ ਅਕਾਲ ਪੁਰਖੁ ਨੂੰ ਪਾਉਣਾਂ ਹੈ ਤਾਂ ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਚਲਣਾ ਪਵੇਗਾ, ਜੋ ਕਿ ਧੁਰ ਤੋਂ ਹੀ ਜੀਵ ਦੇ ਨਾਲ ਲਿਖਿਆ ਹੋਇਆ ਹੈ।

ਜਿਹੜਾ ਮਨੁੱਖ ਸਰੀਰਕ ਤਲ ਤੇ ਹੁਕਮੁ ਅਤੇ ਰਜਾ ਅਨੁਸਾਰ ਨਹੀਂ ਚਲ ਸਕਦਾ, ਉਹ ਆਤਮਿਕ ਤਲ ਤੇ ਹੁਕਮੁ ਅਤੇ ਰਜਾ ਅਨੁਸਾਰ ਕਿਸ ਤਰ੍ਹਾਂ ਚਲ ਸਕੇਗਾ।

ਸਿਰਫ ਮਨੁੱਖ ਦੇ ਹੀ ਸਿਰ ਦੇ ਕੇਸ ਲੰਮੇ ਹੁੰਦੇ ਹਨ, ਹੋਰ ਕਿਸੇ ਜਾਨਵਰ ਦੇ ਨਹੀਂ, ਸਿਰਫ ਮਨੁੱਖ ਦੇ ਕੋਲ ਹੀ ਬੁਧੀ ਹੈ, ਹੋਰ ਕਿਸੇ ਜਾਨਵਰ ਦੇ ਕੋਲ ਨਹੀਂ, ਸਿਰਫ ਮਨੁੱਖ ਦੇ ਕੋਲ ਹੀ ਪੰਜ ਵਿਕਾਰ ਹਨ, ਹੋਰ ਕਿਸੇ ਜਾਨਵਰ ਦੇ ਕੋਲ ਨਹੀਂ, ਬਾਕੀ ਸਭ ਦੇ ਇਕ ਇਕ ਹਨ।

ਇਸ ਲਈ ਬੁਧੀ ਦੀ ਸੰਭਾਲ ਬਹੁਤ ਜਰੂਰੀ ਹੈ, ਨਹੀਂ ਤਾਂ ਉਹ ਮਨੁੱਖ ਨੂੰ ਵਿਕਾਰਾਂ ਵਲ ਲੈ ਜਾਵੇਗੀ। ਇਸੇ ਤਰ੍ਹਾਂ ਕੇਸਾਂ ਦੀ ਸੰਭਾਲ ਬਹੁਤ ਜਰੂਰੀ ਹੈ ਨਹੀਂ ਤਾਂ ਮਨੁੱਖ ਹੁਕਮੁ ਤੇ ਰਜਾ ਅਨੁਸਾਰ ਚਲਣਾ ਨਹੀਂ ਸਿਖ ਸਕੇਗਾ।

ਇਸ ਲਈ ਆਓ ਸਾਰੇ ਜਾਣੇ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਤ ਗੁਰਬਾਣੀ ਦੀ ਸਹਾਇਤਾ ਨਾਲ ਅਕਾਲ ਪੁਰਖੁ ਦੇ ਹੁਕਮੁ ਤੇ ਰਜਾ ਅਨੁਸਾਰ ਆਪਣੇ ਸਰੀਰ ਤੇ ਮਨ ਨੂੰ ਚਲਾ ਕੇ ਗੁਰੂ ਦੇ ਸੱਚੇ ਸਿੱਖ ਬਣੀਏ ਤੇ ਆਪਣਾ ਮਨੁੱਖਾ ਜਨਮ ਸਫਲ ਕਰੀਏ।

http://www.geocities.ws/sarbjitsingh/
http://www.geocities.ws/sarbjitsingh/BookGurmatAndScience.pdf